**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਕੋਆਰਡੀਨੇਸ਼ਨ/2009/76986
ਮਿਤੀ ਚੰਡੀਗੜ੍ਹ 25.11.2009

**ਵਿਸ਼ਾ:- ਸਕੂਲ ਮੁਖੀਆਂ ਦੀ 27.11.09 ਨੂੰ ਐਜੂਸੈਟ ਤੇ ਮੀਟਿੰਗ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਮਿਤੀ 27.11.09 ਨੂੰ ਬਾਅਦ ਦੁਪਹਿਰ 1:00 ਵਜੇ ਤੋਂ 3:00 ਵਜੇ ਤੱਕ ਸਮੂਹ ਸਕੂਲ ਮੁਖੀਆਂ (ਸੀਨੀਅਰ ਸੈਕੰਡਰੀ ਸਕੂਲ, ਹਾਈ ਸਕੂਲ, ਮਿਡਲ ਸਕੂਲ) ਨੂੰ ਵਿੱਦਿਅਕ,ਵਿੱਤੀ ਅਤੇ ਪ੍ਰਸ਼ਾਸਨਿਕ ਮਸਲਿਆਂ ਸਬੰਧੀ ਇਕ ਮੀਟਿੰਗ ਲਈ ਜਾ ਰਹੀ ਹੈ। ਇਸ ਵਿੱਚ ਸਮੂਹ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਦੇ ਸਕੂਲ ਮੁਖੀ ਭਾਗ ਲੈਣਗੇ।

3.0 ਪੰਜਾਬ ਦੇ ਸਮੂਹ ਜ਼ਿਲ੍ਹਿਆਂ ਅੰਦਰ ਵੱਖ-ਵੱਖ ਸਕੂਲਾਂ ਵਿੱਚ ਐਜੂਸੈਟ SITS ਲੱਗੇ ਹੋਏ ਹਨ। ਸਮੂਹ ਸਕੂਲ ਮੁਖੀ ਆਪਣੇ ਨੇੜੇ ਦੇ ਐਜੂਸੈਟ SITS ਵਿੱਚ ਜਾ ਕੇ ਇਹ ਟ੍ਰੇਨਿੰਗ ਲੈਣਗੇ।

4.0 ਇਸ ਟ੍ਰੇਨਿੰਗ ਵਿੱਚ ਹਰੇਕ ਸਕੂਲ ਮੁਖੀ (ਮਿਡਲ, ਹਾਈ, ਸੀਨੀਅਰ ਸੈਕੰਡਰੀ) ਦਾ ਭਾਗ ਲੈਣਾ ਲਾਜ਼ਮੀ ਹੋਵੇਗਾ। ਕੇਵਲ ਬੀਮਾਰੀ ਜਾਂ ਕਿਸੇ ਹੋਰ ਜ਼ਰੂਰੀ ਕੰਮ ਕਾਰਨ ਹੀ ਸਕੂਲ ਮੁਖੀ ਦੀ ਛੁੱਟੀ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ) ਵੱਲੋਂ ਪ੍ਰਵਾਨ ਕੀਤੀ ਜਾਵੇ।

5.0 ਬਲਾਕ ਜਾਂ ਕਲੱਸਟਰ ਪੱਧਰ ਦੀਆਂ ਕੰਮ ਕਰਦੀਆਂ ਚੰਗੀਆਂ SITS ਦੀ ਲਿਸਟ ਜ਼ਿਲ੍ਹਾ ਕੋਆਰਡੀਨੇਟਰ ਐਜੂਸੈਟ ਤੋਂ ਲੈ ਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਦੁਆਰਾ ਇਹਨਾਂ ਦੀ ਸੂਚਨਾ ਅਗਾਂਹ ਸਕੂਲ ਮੁਖੀਆਂ ਨੂੰ ਦੇਣੀ ਲਾਜ਼ਮੀ ਹੋਵੇਗੀ ਤਾਂ ਜੋ ਵਧੀਆ ਤਰੀਕੇ ਨਾਲ ਟ੍ਰੇਨਿੰਗ ਲਈ ਜਾ ਸਕੇ।

6.0 ਅਨੁਸ਼ਾਸ਼ਨ ਨੂੰ ਬਣਾਈ ਰੱਖਣਾ ਸਮੂਹ ਸਕੂਲ ਮੁਖੀਆਂ ਦੀ ਜ਼ਿੰਮੇਵਾਰੀ ਹੋਵੇਗੀ।

7.0 ਇਸ ਟ੍ਰੇਨਿੰਗ ਤੇ ਹੋਣ ਵਾਲਾ ਖਰਚਾ ਟੀਚਰ ਟ੍ਰੇਨਿੰਗ ਫੰਡ ਵਿੱਚੋਂ ਕੀਤਾ ਜਾਵੇਗਾ। ਅਤੇ ਭਾਗ ਲੈਣ ਵਾਲੇ ਸਮੂਹ ਸਕੂਲ ਮੁਖੀਆਂ ਨੂੰ ਟੀ.ਏ. ਦੀ ਅਦਾਇਗੀ ਮੌਕੇ ਤੇ ਹੀ ਡਾਇਟ ਵੱਲੋਂ ਕੀਤੀ ਜਾਵੇਗੀ।

8.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ:- ਉਕਤ ਮਿਤੀ : 25.11.2009

ਉਤਾਰਾ:-(1) ਸਮੂਹ ਡਾਇਟ ਪ੍ਰਿੰਸੀਪਲ, ਪੰਜਾਬ।

(2) ਸਮੂਹ ਜ਼ਿਲ੍ਹਾ ਕੋਆਰਡੀਨੇਟਰ, ਐਜੂਸੈਟ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**